ਇੰਡੀਆ ਵਿੱਚ ਜਾਇਦਾਦ ਵੇਚੋ ਪੈਸੇ ਕੈਨੇਡਾ ਮੰਗਵਾਓ
Buy/Sell US Dollars
416-731-7710

ਦੰਦਾਂ ਦੀ ਸਫ਼ਾਈ FREE ਮੁਫ਼ਤ
905-458-3344
With CDCP

ਸਸਤੀਆਂ ਹਵਾਈ ਟਿਕਟਾਂ
24/7 SERVICE
905-456-9977

ਕਰਜ਼ੇ ਤੋਂ ਪਰੇਸ਼ਾਨ ਹੋ ?
416-502-3100

12 Beds, 7 Baths
For 24 Guests
905-965-4644

ਇੰਡੀਅਨ ਵੀਜ਼ਾ
OCI & Passport
Renewal
514-389-7070

ਵਕੀਲ ਦੀ ਲੋੜ ?
905-362-0755

Personal Loan
Business Loan
Home Line of Credit
905-965-4644

ਅਜੀਤ
AJIT WEEKLY
Division of 6178235 canada inc.

Founding Patron & CEO: Late (Dr.) Prof. Darshan Singh
Founding Director: Late Vinny Bains
Patron & CEO: Kanwaljit Kaur Bains
Chief Editor: Kanwar Bains
International Editors: Mandeep Khurmi, Syed Asif Shahkar,Sweden, Jasreen Kaur, India
Representatives: Suman Modgil, Rupinderjit Kaur
Toronto Reps.: Jasbir Singh Boparai
California Reps.: John Pal Singh
New York Reps.: Harbhjan Singh

FINANCIAL ADVISOR
M.B.E. Accounting
ADVISORY BOARD
CHIEF ADV.: DR. RAWAIL SINGH (INDIA)
BALKAR SINGH (GOUSSAIN VILLE, FRANCE)
PRESS PHOTOGRAPHER
SUNDIP BRAR
ADVERTISING
Editorial : (905) 671-4761, (905) 671-4762
(905) 671-4767, (416) 899-2548
Toll Free Phone :1-888-371-AJIT (2548)
Toll Free Fax : 1-888-981-2818
e-mail : Info@ajitweekly.com
www.darshantv.ca
www.ajitweekly.com
www.ajitweeklymatrimonials.com
fb.com/ajitweeklycanada
instagram.com/ajitweekly
twitter.com/ajitweekly1
https://www.youtube.com/@ajitWeeklycanada

MAILING ADDRESS
2-7015 TRANMERE DRIVE
MISSISSAUGA ONT. L5S 1T7 CANADA

PUBLICATION MAIL AGREEMENT
ACCOUNT NUMBER : 4750993, AGGREMENT NO : 40112768

The Ajit Weekly and people associated with it are not responsible for any claims made by the advertisers and don't endorse any product or services advertised in the Ajit Weekly. Please consult your lawyer before buying/hiring/contracting through the ads published in the newspaper. The Ajit Weekly is in the business of selling space and claims made by the advertisers are not tested/confirmed by an independent source.All psychic's, soothsayers' and astrologer's ads are only for entertainment purposes. All rights reserved.

20 ਸਾਲ ਦੀ ਲੜਕੀ ਨੇ Meta 'ਤੇ ਡਿਪਰੈਸ਼ਨ ਫ਼ੈਲਾਉਣ ਲਈ ਠੋਕਿਆ ਮੁਕੱਦਮਾ

ਲੌਸ ਐਂਜਲਸ: ਸੋਸ਼ਲ ਮੀਡੀਆ ਦਿੱਗਜ Meta ਦੇ CEO ਮਾਰਕ ਜ਼ਕਰਬਰਗ ਇੱਕ ਵੱਡੀ ਕਾਨੂੰਨੀ ਮੁਸੀਬਤ 'ਚ ਫ਼ਸ ਗਏ ਹਨ। ਬਚਪਨ ਤੋਂ ਫ਼ੇਸਬੁੱਕ ਦੀ ਵਰਤੋਂ ਕਰਨ ਵਾਲੀ ਇੱਕ 20 ਸਾਲਾ ਮੁਟਿਆਰ ਵਲੋਂ ਪਾਏ ਗਏ ਮੁਕੱਦਮੇ 'ਤੇ ਕਾਰਵਾਈ ਕਰਦਿਆਂ ਅਦਾਲਤ ਨੇ ਜ਼ਕਰਬਰਗ ਨੂੰ ਜਵਾਬ ਦੇਣ ਲਈ ਤਲਬ ਕੀਤਾ ਹੈ।ਪੀੜਤ ਮੁਟਿਆਰ ਦਾ ਦਾਅਵਾ ਹੈ ਕਿ ਸੋਸ਼ਲ ਮੀਡੀਆ ਦੀ ਬਹੁਤ ਜ਼ਿਆਦਾ ਵਰਤੋਂ ਕਾਰਨ ਉਸ ਨੂੰ ਇਸ ਦੀ ਆਦਤ ਲੱਗ ਗਈ ਜਿਸ ਕਾਰਨ ਉਹ ਡਿਪ੍ਰੈਸ਼ਨ (ਮਾਨਸਿਕ ਤਨਾਅ) ਅਤੇ ਖ਼ੁਦਕੁਸ਼ੀ ਵਰਗੇ ਵਿਚਾਰਾਂ ਦਾ ਸ਼ਿਕਾਰ ਹੋ ਗਈ। ਇਹ ਸਵਾਲ ਉਠਾਇਆ ਜਾ ਰਿਹਾ ਹੈ ਕਿ ਕੀ Meta ਦੇ ਪਲੈਟਫ਼ੌਰਮਜ਼ ਜਾਣਬੁਝ ਕੇ ਬੱਚਿਆਂ ਨੂੰ ਆਪਣਾ ਆਦੀ ਬਣਾਉਂਦੇ ਹਨ, ਅਤੇ ਉਨ੍ਹਾਂ ਨੂੰ ਨੁਕਸਾਨ ਪਹੁੰਚਾਉਂਦੇ ਹਨ।

ਇਹ ਪਹਿਲੀ ਵਾਰ ਹੈ ਜਦੋਂ ਜ਼ਕਰਬਰਗ ਨੂੰ ਜਿਊਰੀ ਦੇ ਸਾਹਮਣੇ ਅਜਿਹੇ ਸਵਾਲਾਂ ਦੇ ਜਵਾਬ ਦੇਣੇ ਪੈਣਗੇ। ਇਸ ਮਾਮਲੇ ਨੂੰ ਇੱਕ ਬੈੱਲਵੈਦਰ ਟ੍ਰਾਇਲ ਵਜੋਂ ਦੇਖਿਆ ਜਾ ਰਿਹਾ ਹੈ ਜਿਸ

ਦਾ ਨਤੀਜਾ ਸੋਸ਼ਲ ਮੀਡੀਆ ਕੰਪਨੀਆਂ ਵਿਰੁੱਧ ਚੱਲ ਰਹੇ ਹਜ਼ਾਰਾਂ ਸਾਮਾਨ ਮੁਕੱਦਮਿਆਂ ਦੇ ਭਵਿੱਖ ਦਾ ਫ਼ੈਸਲਾ ਕਰ ਸਕਦਾ ਹੈ। ਜ਼ਿਕਰਯੋਗ ਹੈ ਕਿ ਟਿਕਟੌਕ ਅਤੇ ਸਨੈਪਚੈਟ ਵਰਗੀਆਂ ਕੰਪਨੀਆਂ ਨੇ ਪਹਿਲਾਂ ਹੀ ਅਜਿਹੇ ਮਾਮਲਿਆਂ 'ਚ ਸਮਝੌਤਾ ਕਰ ਲਿਆ ਹੈ, ਪਰ Meta ਅਤੇ Google ਦੀ YouTube ਅਜੇ ਵੀ ਕਾਨੂੰਨੀ ਲੜਾਈ ਲੜ ਰਹੇ ਹਨ।

ਦੂਜੇ ਪਾਸੇ, Meta ਦੇ ਬੁਲਾਰੇ ਨੇ ਇਨ੍ਹਾਂ ਦੋਸ਼ਾਂ ਨਾਲ ਪੂਰੀ ਤਰ੍ਹਾਂ ਅਸਹਿਮਤੀ ਜਤਾਈ ਹੈ। ਕੰਪਨੀ ਦੇ ਵਕੀਲਾਂ ਨੇ ਅਦਾਲਤ 'ਚ ਦਲੀਲ ਦਿੱਤੀ ਕਿ ਮੁਟਿਆਰ ਦੀਆਂ ਮਾਨਸਿਕ ਸਮੱਸਿਆਵਾਂ ਦਾ ਕਾਰਨ ਉਸ ਦੀ ਘਰੇਲੂ ਅਸ਼ਾਂਤੀ ਸੀ, ਅਤੇ ਉਸ ਨੇ ਇਨ੍ਹਾਂ ਪਲੈਟਫ਼ੌਰਮਾਂ ਦੀ ਵਰਤੋਂ ਸਿਰਫ਼ ਆਪਣੀਆਂ ਮੁਸ਼ਕਿਲਾਂ ਤੋਂ ਭੱਜਣ ਦੇ ਇੱਕ ਤਰੀਕੇ ਵਜੋਂ ਕੀਤੀ ਸੀ।

ਇੰਸਟਾਗ੍ਰਾਮ ਚੀਫ਼ ਵੀ ਦੇ ਚੁੱਕੇ ਹਨ ਗਵਾਹੀ: ਜ਼ਕਰਬਰਗ ਤੋਂ ਪਹਿਲਾਂ ਇੰਸਟਾਗ੍ਰਾਮ ਦੇ ਮੁੱਖੀ ਐਡਮ ਮੋਸੇਰੀ ਨੇ ਵੀ ਅਦਾਲਤ 'ਚ ਗਵਾਹੀ ਦਿੱਤੀ ਸੀ। ਉਨ੍ਹਾਂ ਨੇ ਇਸ ਵਿਚਾਰ ਨੂੰ ਰੱਦ ਕਰ ਦਿੱਤਾ ਕਿ ਸੋਸ਼ਲ ਮੀਡੀਆ ਦੀ ਕੋਈ ਕਲੀਨਿਕਲ ਲਤ ਹੋ ਸਕਦੀ ਹੈ। ਮੋਸੇਰੀ ਤੋਂ ਇੰਸਟਾਗ੍ਰਾਮ ਦੇ ਅਜਿਹੇ ਫ਼ਿਲਟਰਾਂ ਅਤੇ ਐਲਗੋਰਿਦਮ ਬਾਰੇ ਸਵਾਲ ਪੁੱਛੇ ਗਏ ਸਨ ਜੋ ਲੋਕਾਂ ਦੀ ਦਿੱਖ ਬਦਲ ਦਿੰਦੇ ਹਨ ਅਤੇ ਵਰਤੋਂਕਾਰਾਂ ਨੂੰ ਲੰਬੇ ਸਮੇਂ ਤਕ ਪਲੈਟਫ਼ੌਰਮ ਨਾਲ ਜੋੜੀ ਰੱਖਣ ਲਈ ਬਣਾਏ ਗਏ ਹਨ। ਹੁਣ ਸਾਰੀਆਂ ਨਜ਼ਰਾਂ ਮਾਰਕ ਜ਼ਕਰਬਰਗ ਦੀ ਗਵਾਹੀ 'ਤੇ ਟਿਕੀਆਂ ਹੋਈਆਂ ਹਨ ਜੋ ਸੋਸ਼ਲ ਮੀਡੀਆ ਇੰਡਸਟਰੀ ਲਈ ਇੱਕ ਨਵਾਂ ਮੋੜ ਸਾਬਿਤ ਹੋ ਸਕਦੀ ਹੈ।

ਆਪਣੀ ਨਰਸਰੀ 'ਚ ਭੰਗ ਉਗਾਉਂਦਾ ਸੀ ਐਪਸਟੀਨ

ਵਾਸ਼ਿੰਗਟਨ: ਹਾਲ ਹੀ 'ਚ ਜਾਰੀ ਹੋਈਆਂ ਐਪਸਟੀਨ ਫ਼ਾਈਲਜ਼ ਦੀਆਂ ਈ-ਮੇਲਜ਼ 'ਚ ਜਿਣਸੀ ਅਪਰਾਧੀ ਜੈਫ਼ਰੀ ਐਪਸਟੀਨ ਦੀ ਜ਼ਹਿਰੀਲੇ ਬੂਟਿਆਂ 'ਚ ਦਿਲਚਸਪੀ ਬਾਰੇ ਹੈਰਾਨ ਕਰਨ ਵਾਲੀ ਜਾਣਕਾਰੀ ਸਾਹਮਣੇ ਆਈ ਹੈ। ਇਨ੍ਹਾਂ ਈ-ਮੇਲਜ਼ 'ਚ ਖ਼ਾਸ ਤੌਰ 'ਤੇ ਟਰੰਪਟ ਪਲਾਂਟਸ (ਧਤੂਰੇ ਦੀਆਂ ਬੂਟਿਆਂ) ਦਾ ਜ਼ਿਕਰ ਹੈ।

ਈ-ਮੇਲਜ਼ 'ਚ ਅਜਿਹੇ ਲੇਖ ਫ਼ੌਰਵਰਡ ਕੀਤੇ ਗਏ ਸਨ ਜਿਨ੍ਹਾਂ 'ਚ ਕੋਲੰਬੀਆ 'ਚ ਇਸ ਦੀ ਵਰਤੋਂ ਦਾ ਜ਼ਿਕਰ ਸੀ। ਦੱਸਿਆ ਗਿਆ ਹੈ ਕਿ ਇਸ ਦੇ ਪ੍ਰਭਾਵ ਹੇਠ ਵਿਅਕਤੀ ਨੂੰ ਕਿਤੇ ਵੀ ਲਿਜਾਇਆ ਜਾ ਸਕਦਾ ਹੈ ਕਿਉਂਕਿ ਉਹ ਪੂਰੀ ਤਰ੍ਹਾਂ ਭੰਬਲਭੂਸੇ 'ਚ ਪੈ ਜਾਂਦਾ ਹੈ। ਹਿੰਦੂ ਪਰੰਪਰਾ 'ਚ ਭੰਗ ਦਾ ਬੂਟਾ ਭਗਵਾਨ ਸ਼ਿਵ ਨਾਲ ਜੁੜਿਆ ਹੋਇਆ ਹੈ। ਪੌਰਾਣਿਕ ਕਥਾਵਾਂ ਅਨੁਸਾਰ ਸਮੁੰਦਰ ਮੰਥਨ ਦੌਰਾਨ ਜਦੋਂ ਜ਼ਹਿਰ ਨਿਕਲਿਆ ਤਾਂ ਸ਼ਿਵ ਨੇ ਸੰਸਾਰ ਦੀ ਰੱਖਿਆ ਲਈ ਉਸ ਨੂੰ ਪੀ ਲਿਆ ਸੀ। ਸ਼ਿਵ ਮੰਦਰਾਂ 'ਚ

ਭੰਗ ਦੇ ਫੁੱਲ ਅਤੇ ਫ਼ਲ ਚੜ੍ਹਾਏ ਜਾਂਦੇ ਹਨ।ਈ-ਮੇਲਜ਼ ਦੇ ਸਕ੍ਰੀਨਸ਼ੌਟਾਂ ਤੋਂ ਪਤਾ ਲੱਗਦਾ ਹੈ ਕਿ ਉਸ ਦੇ ਫ਼ਾਈਨੈਂਸਰ ਨੇ ਅਜਿਹੇ ਬੂਟਿਆਂ 'ਚ ਰੁਚੀ ਦਿਖਾਈ ਸੀ। ਭੰਗ ਦੇ ਬੂਟਿਆਂ 'ਚੋਂ ਸਕੋਪੋਲਾਮੀਨ ਨਾਂ ਦਾ ਇੱਕ ਰਸਾਇਣ ਨਿਕਲਦਾ ਹੈ ਜੋ ਦਿਮਾਗ਼ 'ਤੇ ਡੂੰਘਾ ਅਸਰ ਪਾਉਂਦਾ ਹੈ। ਸਕੋਪੋਲਾਮੀਨ ਯਾਦਦਾਸ਼ਤ ਕਮਜ਼ੋਰ ਕਰ ਸਕਦਾ ਹੈ, ਅਤੇ ਵਿਅਕਤੀ ਨੂੰ ਭਰਮ ਦੀ ਸਥਿਤੀ 'ਚ ਪਾ ਸਕਦਾ ਹੈ। ਇਸੇ ਕਾਰਨ ਕੁੱਝ ਮਾਹਿਰ ਇਸ ਨੂੰ ਜ਼ੌਂਬੀ ਬ੍ਰੀਥ ਵੀ ਕਹਿੰਦੇ ਹਨ। ਇਸ 'ਚ ਦੱਸਿਆ ਗਿਆ ਸੀ ਕਿ ਇਹ ਦਵਾਈ ਲੋਕਾਂ 'ਤੇ ਬਹੁਤ ਜ਼ਿਆਦਾ ਅਸਰ ਪਾਉਂਦੀ ਹੈ, ਅਤੇ ਉਨ੍ਹਾਂ ਨੂੰ ਆਸਾਨੀ ਨਾਲ ਕੰਟਰੋਲ ਕੀਤਾ ਜਾ ਸਕਦਾ ਹੈ।

ਸੁਪਰੀਮ ਕੋਰਟ ਵਲੋਂ ਰਾਜੋਆਣਾ ਦੀ ਪਟੀਸ਼ਨ 'ਤੇ ਸੁਣਵਾਈ 18 ਮਾਰਚ ਨੂੰ

ਨਵੀਂ ਦਿੱਲੀ: ਸੁਪਰੀਮ ਕੋਰਟ ਨੇ ਕਿਹਾ ਕਿ ਉਹ 1995 ਦੇ ਤਤਕਾਲੀ ਪੰਜਾਬ ਦੇ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕੇਸ 'ਚ ਦੋਸ਼ੀ ਬਲਵੰਤ ਸਿੰਘ ਰਾਜੋਆਣਾ ਵਲੋਂ ਦਾਇਰ ਪਟੀਸ਼ਨ 'ਤੇ 18 ਮਾਰਚ ਨੂੰ ਸੁਣਵਾਈ ਕਰੇਗੀ ਜਿਸ 'ਚ ਉਸ ਦੀ ਰਹਿਮ ਦੀ ਅਪੀਲ ਦਾ ਫ਼ੈਸਲਾ ਕਰਨ 'ਚ ਹੋ ਰਹੀ ਦੇਰੀ ਕਾਰਨ ਫ਼ਾਂਸੀ ਦੀ ਸਜ਼ਾ ਨੂੰ ਉਮਰ ਕੈਦ 'ਚ ਬਦਲਣ ਦੀ ਮੰਗ ਕੀਤੀ ਗਈ ਹੈ।

ਰਾਜੋਆਣਾ 29 ਸਾਲਾਂ ਤੋਂ ਵੱਧ ਸਮੇਂ ਤੋਂ ਜੇਲ੍ਹ 'ਚ ਬੰਦ ਹੈ ਜਿਸ 'ਚੋਂ ਉਹ 15 ਸਾਲਾਂ ਤੋਂ ਵੱਧ ਸਮੇਂ ਤੋਂ ਫ਼ਾਂਸੀ ਦੀ ਸਜ਼ਾ ਦਾ ਸਾਹਮਣਾ ਕਰ ਰਿਹਾ ਹੈ। ਕੇਂਦਰ ਵਲੋਂ ਪੇਸ਼ ਹੋਏ ਵਕੀਲ ਨੇ ਜਸਟਿਸ ਵਿਕਰਮ ਨਾਥ, ਸੰਦੀਪ ਮਹਿਤਾ ਅਤੇ ਐੱਨ. ਵੀ. ਅੰਜਾਰੀਆ ਦੀ ਬੈਂਚ ਨੂੰ ਦੱਸਿਆ ਕਿ ਉਨ੍ਹਾਂ ਨੂੰ ਇਸ ਮਾਮਲੇ 'ਚ ਕੁੱਝ ਸਮੇਂ ਦੀ ਲੋੜ ਹੋਵੇਗੀ। ਰਾਜੋਆਣਾ ਵਲੋਂ ਪੇਸ਼ ਹੋਏ ਸੀਨੀਅਰ ਐਡਵੋਕੇਟ ਮੁਕੁਲ ਰੋਹਤਗੀ ਨੇ ਸਿਖਰਲੀ ਅਦਾਲਤ ਦੇ 24 ਸਤੰਬਰ 2025 ਦੇ ਹੁਕਮਾਂ ਦਾ ਹਵਾਲਾ ਦਿੱਤਾ ਜਿਸ 'ਚ ਕਿਹਾ ਗਿਆ ਸੀ ਕਿ ਜਵਾਬਦੇਹਾਂ ਦੀ ਬੇਨਤੀ 'ਤੇ ਹੋਰ ਮੁਲਤਵੀ ਕਰਨ ਦੀ ਕੋਈ ਵੀ ਬੇਨਤੀ ਸਵੀਕਾਰ ਨਹੀਂ ਕੀਤੀ ਜਾਵੇਗੀ। ਬੈਂਚ ਨੇ ਕਿਹਾ, "18 ਮਾਰਚ ਲਈ ਸੂਚੀਬੱਧ ਕਰੋ।"

ਸਿਖਰਲੀ ਅਦਾਲਤ ਨੇ ਪਹਿਲਾਂ ਕੇਂਦਰ ਨੂੰ ਰਾਜੋਆਣਾ ਦੀ ਰਹਿਮ ਦੀ ਅਪੀਲ 'ਤੇ ਫ਼ੈਸਲਾ ਲੈਣ ਲਈ ਕਿਹਾ ਸੀ। ਕੇਂਦਰ ਨੇ ਓਦੋਂ ਮਾਮਲੇ ਦੀ ਸੰਵੇਦਨਸ਼ੀਲਤਾ ਦਾ ਹਵਾਲਾ ਦਿੱਤਾ ਸੀ ਅਤੇ ਕਿਹਾ ਸੀ ਕਿ ਰਹਿਮ ਦੀ ਅਪੀਲ ਵਿਚਾਰ ਅਧੀਨ ਹੈ। ਸਤੰਬਰ 2024 'ਚ ਸਿਖਰਲੀ ਅਦਾਲਤ ਨੇ ਰਾਜੋਆਣਾ ਦੀ ਪਟੀਸ਼ਨ 'ਤੇ ਕੇਂਦਰ, ਪੰਜਾਬ ਸਰਕਾਰ ਅਤੇ ਕੇਂਦਰ ਸ਼ਾਸ਼ਤ ਪ੍ਰਦੇਸ਼ ਚੰਡੀਗੜ੍ਹ ਦੇ ਪ੍ਰਸ਼ਾਸਨ ਤੋਂ ਜਵਾਬ ਮੰਗਿਆ ਸੀ।

ਪੰਜਾਬ ਦੇ ਸਾਬਕਾ ਮੁੱਖ ਮੰਤਰੀ ਸਿੰਘ ਅਤੇ 16 ਹੋਰ 31 ਅਗਸਤ 1995 ਨੂੰ ਚੰਡੀਗੜ੍ਹ 'ਚ ਸਿਵਲ ਸਕੱਤਰੇਤ ਦੇ ਪ੍ਰਵੇਸ਼ ਦੁਆਰ 'ਤੇ ਹੋਏ ਧਮਾਕੇ 'ਚ ਮਾਰੇ ਗਏ ਸਨ। ਇੱਕ ਵਿਸ਼ੇਸ਼ ਅਦਾਲਤ ਨੇ ਜੁਲਾਈ 2007 'ਚ ਰਾਜੋਆਣਾ ਨੂੰ ਮੌਤ ਦੀ ਸਜ਼ਾ ਸੁਣਾਈ ਸੀ। ਰਾਜੋਆਣਾ ਦੀ ਪਟੀਸ਼ਨ 'ਚ ਉਸ ਦੀ ਰਿਹਾਈ ਲਈ ਨਿਰਦੇਸ਼ ਦੇਣ ਦੀ ਮੰਗ ਕੀਤੀ ਗਈ ਸੀ। 3 ਮਈ 2023 ਨੂੰ ਸਿਖਰਲੀ ਅਦਾਲਤ ਨੇ ਉਸ ਦੀ ਮੌਤ ਦੀ ਸਜ਼ਾ ਨੂੰ ਘੱਟ ਕਰਨ ਤੋਂ ਇਨਕਾਰ ਕਰ ਦਿੱਤਾ ਸੀ ਅਤੇ ਕਿਹਾ ਸੀ ਕਿ ਸਮਰੱਥ ਅਥੌਰਟੀਜ਼ ਉਸ ਦੀ ਰਹਿਮ ਦੀ ਅਪੀਲ ਨਾਲ ਨਜਿੱਠ ਸਕਦੀਆਂ ਹਨ। ਆਪਣੀ ਨਵੀਂ ਪਟੀਸ਼ਨ 'ਚ ਰਾਜੋਆਣਾ ਨੇ ਜੇਲ੍ਹ 'ਚ 28.8 ਸਾਲ ਕੱਟਣ ਦਾ ਜ਼ਿਕਰ ਕੀਤਾ ਹੈ ਜਿਸ 'ਚੋਂ ਉਸ ਨੇ 15 ਸਾਲਾਂ ਤੋਂ ਵੱਧ ਸਮਾਂ ਫ਼ਾਂਸੀ ਦੀ ਸਜ਼ਾ ਵਾਲੇ ਕੈਦੀ ਵਜੋਂ ਬਿਤਾਇਆ ਹੈ।

ਉਸ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮਾਰਚ 2012 'ਚ ਉਸ ਦੀ ਤਰਫ਼ੋਂ ਧਾਰਾ 72 ਦੇ ਤਹਿਤ ਰਹਿਮ ਦੀ ਅਪੀਲ ਦਾਇਰ ਕੀਤੀ ਸੀ। ਪਟੀਸ਼ਨ 'ਚ ਕਿਹਾ ਗਿਆ ਹੈ ਕਿ ਸਿਖਰਲੀ ਅਦਾਲਤ ਵਲੋਂ ਸਮਰੱਥ ਅਥਾਰਟੀ ਨੂੰ ਉਸ ਦੀ ਤਰਫ਼ੋਂ ਦਾਇਰ ਰਹਿਮ ਦੀ ਅਪੀਲ ਨਾਲ ਨਜਿੱਠਣ ਅਤੇ ਅਗਲਾ ਫ਼ੈਸਲਾ ਲੈਣ ਦੇ ਨਿਰਦੇਸ਼ ਦਿੱਤੇ ਜਾਣ ਨੂੰ ਇੱਕ ਸਾਲ ਤੋਂ ਵੱਧ ਦਾ ਸਮਾਂ ਬੀਤ ਚੁੱਕਾ ਹੈ।

ਇਸ 'ਚ ਇੱਕ ਵੱਖਰੇ ਮਾਮਲੇ 'ਚ ਸਿਖਰਲੀ ਅਦਾਲਤ ਦੇ ਅਪਰੈਲ 2023 ਦੇ ਹੁਕਮ ਦਾ ਹਵਾਲਾ ਦਿੱਤਾ ਗਿਆ ਹੈ ਜਿਸ 'ਚ ਅਦਾਲਤ ਨੇ ਸਾਰੇ ਰਾਜਾਂ ਅਤੇ ਉਚਿੱਤ ਅਧਿਕਾਰੀਆਂ ਨੂੰ ਲੰਬਿਤ ਰਹਿਮ ਦੀਆਂ ਅਪੀਲਾਂ ਦਾ ਜਲਦੀ ਤੋਂ ਜਲਦੀ ਅਤੇ ਬਿਨਾਂ ਕਿਸੇ ਬੇਲੋੜੀ ਦੇਰੀ ਦੇ ਫ਼ੈਸਲਾ ਕਰਨ ਦਾ ਨਿਰਦੇਸ਼ ਦਿੱਤਾ ਸੀ।

ਇੰਡੀਅਨ ਵੀਜ਼ਾ
OCI & Passport
Renewal
514-389-7070

ਵਕੀਲ ਦੀ ਲੋੜ ?
905-362-0755

ਲੇਡੀਜ਼ ਰੇਡੀਮੇਡ ਕਪੜੇ ਖ਼ਰੀਦਣ ਲਈ ਕਾਲ ਕਰੋ
647-829-2454

ਮਰਦਾਨਾ ਕਮਜ਼ੋਰੀ
416-992-5489

Electrtic Brush or Teeth Whitening FREE ਮੁਫ਼ਤ
905-458-3344
With Teeth Cleaning & New Patient Exam

12 Beds, 7 Baths
For 24 Guests
905-965-4644

ਸਸਤੀਆਂ ਹਵਾਈ ਟਿਕਟਾਂ
24/7 SERVICE
905-456-9977

ਇੰਡੀਆ ਵਿੱਚ ਜਾਇਦਾਦ ਵੇਚੋ ਪੈਸੇ ਕੈਨੇਡਾ ਮੰਗਵਾਓ
Buy/Sell US Dollars
416-731-7710

ਬਿਨਾਂ ਪੇਪਰ US ਪੁੱਜੇ ਲੋਕਾਂ ਦੀ ਵਧੇਗੀ ਟੈਨਸ਼ਨ

ਨਿਊ ਯੌਰਕ: ਅਮਰੀਕਾ ਵੱਡੀ ਗਿਣਤੀ 'ਚ ਨਵੇਂ ਨਜ਼ਰਬੰਦੀ ਕੇਂਦਰ ਬਣਾਉਣ ਦੀ ਤਿਆਰੀ ਕਰ ਰਿਹਾ ਹੈ। ਇਸਦਾ ਉਦੇਸ਼ ਅਮਰੀਕਾ 'ਚ ਰਹਿ ਰਹੇ ਵਿਅਕਤੀਆਂ ਨੂੰ ਬਿਨਾਂ ਸਹੀ ਦਸਤਾਵੇਜ਼ਾਂ ਦੇ ਹਿਰਾਸਤ 'ਚ ਰੱਖਣਾ ਹੈ। ਇਨ੍ਹਾਂ ਵਿਅਕਤੀਆਂ ਨੂੰ ਪਹਿਲਾਂ ਹਿਰਾਸਤ 'ਚ ਲਿਆ ਜਾਵੇਗਾ, ਫ਼ਿਰ ਉਨ੍ਹਾਂ ਦੀ ਕਾਨੂੰਨੀ ਪ੍ਰਕਿਰਿਆ ਪੂਰੀ ਕੀਤੀ ਜਾਵੇਗੀ, ਅਤੇ ਉਨ੍ਹਾਂ ਨੂੰ ਉਨ੍ਹਾਂ ਦੇ ਘਰੇਲੂ ਦੇਸ਼ਾਂ 'ਚ ਭੇਜ ਦਿੱਤਾ ਜਾਵੇਗਾ। ਨਿਊ ਹੈਂਪਸ਼ਾਇਰ ਦੇ ਗਵਰਨਰ ਕੈਲੀ ਅਯੋਟੇ ਦੇ ਦਫ਼ਤਰ ਦੀ ਇੱਕ ਯੋਜਨਾ ਅਨੁਸਾਰ US ਇਮੀਗ੍ਰੇਸ਼ਨ ਐਂਡ ਕਸਟਮਜ਼ ਐਨਫ਼ੋਰਸਮੈਂਟ (ICE) ਇਸ ਸਾਲ ਦੇ ਅੰਤ ਤਕ ਹਜ਼ਾਰਾਂ ਪ੍ਰਵਾਸੀਆਂ ਨੂੰ ਹਿਰਾਸਤ 'ਚ ਰੱਖਣ ਅਤੇ ਉਨ੍ਹਾਂ ਦੀ ਪ੍ਰਕਿਰਿਆ ਕਰਨ ਲਈ 38.3 ਬਿਲੀਅਨ ਡਾਲਰ ਖ਼ਰਚ ਕਰਨ ਦੀ ਤਿਆਰੀ ਕਰ ਰਿਹਾ ਹੈ। ਫ਼ਿਰ ਇਨ੍ਹਾਂ ਵਿਅਕਤੀਆਂ ਨੂੰ ਦੇਸ਼ ਨਿਕਾਲਾ ਦਿੱਤਾ ਜਾਵੇਗਾ।

ਯੋਜਨਾ ਅਨੁਸਾਰ ICE 16 ਇਮਾਰਤਾਂ ਖ਼ਰੀਦੇਗੀ, ਉਨ੍ਹਾਂ ਦਾ ਨਵੀਨੀਕਰਨ ਕਰੇਗੀ ਅਤੇ ਉਨ੍ਹਾਂ ਨੂੰ ਖੇਤਰੀ ਪ੍ਰੋਸੈੱਸਿੰਗ ਕੇਂਦਰਾਂ" ਚ ਬਦਲ ਦੇਵੇਗੀ। ਇਨ੍ਹਾਂ ਕੇਂਦਰਾਂ 'ਚ ਔਸਤਨ ਤਿੰਨ ਤੋਂ ਸੱਤ ਦਿਨਾਂ ਲਈ 1,000 ਤੋਂ 1,500 ਲੋਕਾਂ ਨੂੰ ਰੱਖਿਆ ਜਾਵੇਗਾ। ਇਸ ਤੋਂ ਇਲਾਵਾ ਅੱਠ ਵੱਡੇ ਨਜ਼ਰਬੰਦੀ ਕੇਂਦਰ ਬਣਾਏ ਜਾਣਗੇ ਜੋ ਲਗਭਗ 60 ਦਿਨਾਂ ਲਈ ਸੱਤ ਤੋਂ 10 ਹਜ਼ਾਰ ਲੋਕਾਂ ਨੂੰ ਰੱਖਣ ਦੇ ਸਮਰੱਥ ਹੋਣਗੇ। ਇਹ ਵੱਡੇ ਕੇਂਦਰ ਦੇਸ਼ ਨਿਕਾਲੇ ਦਾ ਸਾਹਮਣਾ ਕਰ ਰਹੇ ਪ੍ਰਵਾਸੀਆਂ ਲਈ ਮੁੱਖ ਸਥਾਨ ਹੋਣਗੇ।

ਯੋਜਨਾ 'ਚ ਕਿਹਾ ਗਿਆ ਹੈ ਕਿ ICE 2026 ਤਕ 12,000 ਨਵੇਂ ਏਜੰਟਾਂ ਨੂੰ ਨਿਯੁਕਤ ਕਰੇਗੀ। ਉਸ ਸਮੇਂ ਤੋਂ ਬਾਅਦ ਗ੍ਰਿਫ਼ਤਾਰੀਆਂ ਵੱਧਣ ਦੀ ਉਮੀਦ ਹੈ, ਜਿਸ ਨਾਲ ਹੋਰ ਨਜ਼ਰਬੰਦੀ ਕੇਂਦਰਾਂ ਦੀ ਜ਼ਰੂਰਤ ਪਵੇਗੀ। ਦਸਤਾਵੇਜ਼ ਦੇ ਅਨੁਸਾਰ, ਇਹ ਨਵਾਂ ਮਾਡਲ ICE ਨੂੰ ਇਕਰਾਰਨਾਮੇ ਵਾਲੇ ਕੇਂਦਰਾਂ ਦੀ ਗਿਣਤੀ ਘਟਾਉਣ, ਕੁੱਲ ਬਿਸਤਰੇ ਦੀ ਸਮਰੱਥਾ ਵਧਾਉਣ, ਨਜ਼ਰਬੰਦੀ ਪ੍ਰਬੰਧਨ 'ਚ ਸੁਧਾਰ ਕਰਨ ਅਤੇ ਦੇਸ਼ ਨਿਕਾਲੇ ਦੀ ਪ੍ਰਕਿਰਿਆ ਨੂੰ ਸੁਚਾਰੂ ਬਣਾਉਣ 'ਚ ਮਦਦ ਕਰੇਗਾ।

ਸੈਂਟਰਾਂ 'ਚ ਹੋਣਗੀਆਂ ਕਿਹੜੀਆਂ-ਕਿਹੜੀਆਂ ਸਹੂਲਤਾਂ ? ICE ਠੇਕੇਦਾਰਾਂ ਦੀ ਮਦਦ ਨਾਲ ਇਮਾਰਤਾਂ ਦਾ ਨਵੀਨੀਕਰਣ ਕਰੇਗੀ। ਇਨ੍ਹਾਂ ਕੇਂਦਰਾਂ 'ਚ ਨਜ਼ਰਬੰਦੀ ਸੈੱਲਜ਼, ਮੈਡੀਕਲ ਅਤੇ ਦੰਦਾਂ ਦੀਆਂ ਸੇਵਾਵਾਂ, ਕੈਂਟੀਨ, ਮਨੋਰੰਜਨ ਖੇਤਰ, ਡੌਰਮਿਟੋਰੀਅਮਜ਼ ਅਤੇ ਕਚਹਿਰੀਆਂ ਮੌਜੂਦ ਹੋਣਗੇ।

ਦਸਤਾਵੇਜ਼ ਦਾਅਵਾ ਕਰਦਾ ਹੈ ਕਿ ਇਹ ਕੇਂਦਰ ਸੁਰੱਖਿਅਤ ਅਤੇ

ਮਨੁੱਖੀ ਨਾਗਰਿਕ ਨਜ਼ਰਬੰਦੀ ਨੂੰ ਯਕੀਨੀ ਬਣਾਉਣਗੇ। ਇਨ੍ਹਾਂ ਨਜ਼ਰਬੰਦੀ ਕੇਂਦਰਾਂ ਲਈ ਫ਼ੰਡਿੰਗ ਜੁਲਾਈ 2025 'ਚ ਰੀਪਬਲੀਕਨ-ਨਿਯੰਤਰਿਤ ਕਾਂਗਰਸ ਦੁਆਰਾ ਪ